# ਫਰੇਜ਼ਰ ਹੈਲਥ ਕੋਵਿਡ–19 ਸਕੂਲ ਅਪਡੇਟ – 12-17 ਸਾਲ ਦੇ ਬੱਚਿਆਂ ਲਈ ਟੀਕਾਕਰਣ

ਹੈਲਥ ਕੈਨੇਡਾ ਨੇ 12 ਤੋਂ 17 ਸਾਲ ਦੀ ਉਮਰ ਦੇ ਨੌਜਵਾਨਾਂ ਲਈ ਫਾਈਜ਼ਰ ਟੀਕੇ ਦੀ ਵਰਤੋਂ ਨੂੰ ਮਨਜ਼ੂਰੀ ਦੇ ਦਿੱਤੀ ਹੈ। ਬ੍ਰਿਟਿਸ਼ ਕੋਲੰਬੀਆ ਇਸ ਉਮਰ ਸਮੂਹ ਦੇ ਨੌਜਵਾਨਾਂ ਨੂੰ ਸ਼ਾਮਲ ਕਰਨ ਲਈ ਕੋਵਿਡ–19 ਟੀਕਾਕਰਨ ਯੋਜਨਾ ਦਾ ਵਿਸਥਾਰ ਕਰ ਰਿਹਾ ਹੈ।

ਨੌਜਵਾਨ ਆਪਣੀ ਅਤੇ ਆਪਣੇ ਪਰਿਵਾਰ ਦੀ ਸੁਰੱਖਿਆ ਲਈ ਉਤਸ਼ਾਹਿਤ ਹਨ।

12 ਤੋਂ 17 ਸਾਲ ਦੇ ਬੱਚੇ ਹੁਣ www.gov.bc.ca/getvaccinated ‘ਤੇ ਜਾ ਕੇ, 1-833-838-2323 ‘ਤੇ ਫੋਨ ਕਰਕੇ ਜਾਂ ਕਿਸੇ ਵੀ ਸਰਵਿਸ ਬੀ.ਸੀ. ਸੈਂਟਰ ਵਿਖੇ ਜਾ ਕੇ ਟੀਕਾ ਲਗਵਾਉਣ ਲਈ ਰਜਿਸਟਰ ਕਰ ਸਕਦੇ ਹਨ। ਇੱਕ ਵਾਰ ਜਦੋਂ ਬੱਚੇ (ਬੱਚਿਆਂ) ਸੂਬਾਈ ਪ੍ਰਣਾਲੀ ਵਿੱਚ ਰਜਿਸਟਰ ਹੋ ਜਾਂਦੇ ਹਨ ਤਾਂ ਉਨ੍ਹਾਂ ਨੂੰ ਬਾਦ ਦੀ ਤਾਰੀਖ ਵਿੱਚ, ਉਹਨਾਂ ਦੁਆਰਾ ਦੱਸੇ ਗਏ ਤਰੀਕੇ (ਜਾਂ ਈਮੇਲ ਜਾਂ ਟੈਕਸਟ) ਦੇ ਮਾਧਿਅਮ ਰਾਂਹੀ ਟੀਕੇ ਦੀ ਅਪੁਆਇੰਟਮੈਂਟ ਬੁੱਕ ਕਰਾਉਣ ਲਈ ਸੰਪਰਕ ਕੀਤਾ ਜਾਏਗਾ।

ਪਰਿਵਾਰਾਂ ਲਈ ਇੱਕੋ ਸਮੇਂ ਟੀਕਾਕਰਣ ਨੂੰ ਆਸਾਨ ਬਣਾਉਣ ਲਈ ਘਰਾਂ ਅਤੇ ਸਮੂਹ ਟੀਕਾਕਰਣ ਵਿਕਲਪ ਵੀ ਉਪਲਬਧ ਹਨ। ਇੱਕ ਪਰਿਵਾਰ ਦੇ ਸਾਰੇ ਨੌਜਵਾਨ ਇੱਕ ਬੁੱਕ ਕੀਤੀ ਅਪੁਆਇੰਟਮੈਂਟ ਵਿੱਚ ਸ਼ਾਮਲ ਹੋ ਸਕਦੇ ਹਨ ਅਤੇ ਇੱਕਠੇ ਟੀਕਾ ਲਗਵਾ ਸਕਦੇ ਹਨ।
ਬਾਲਗਾਂ ਦੀ ਨਵੀਂ ਟੀਕੇ ਦੀ ਅਪੁਆਇੰਟਮੈਂਟ ਵੇਲੇ ਉਹਨਾਂ ਦੇ ਨਾਲ ਆਉਣ ਵਾਲੇ ਨੌਜਵਾਨ ਸਾਈਟ ‘ਤੇ ਹੀ ਰਜਿਸਟਰ ਕਰ ਸਕਦੇ ਹਨ ਅਤੇ ਉਹਨਾਂ ਨੂੰ ਪਹਿਲਾਂ ਤੋਂ ਰਜਿਸਟਰ ਹੋਣ ਜਾਂ ਬੁੱਕ ਕਰਵਾਉਣ ਦੀ ਜ਼ਰੂਰਤ ਨਹੀਂ ਹੈ। ਬੱਸ ਕਲੀਨਿਕ ਸਟਾਫ ਨੂੰ ਦੱਸੋ ਕਿ ਤੁਸੀਂ ਪਹੁੰਚ ਗਏ ਹੋ।

ਯਕੀਨੀ ਬਣਾਓ ਕਿ ਸਾਰੇ ਪਰਿਵਾਰਕ ਮੈਂਬਰ ਆਪਣਾ ਪਛਾਣ-ਪੱਤਰ ਲੈ ਕੇ ਆਉਣ, ਖਾਸ ਕਰਕੇ ਆਪਣਾ ਪਰਸਨਲ ਹੈਲਥ ਕਾਰਡ, ਹੈ ਜੇ ਉਨ੍ਹਾਂ ਕੋਲ ਹੈ।

ਆਉਣ ਵਾਲੇ ਦਿਨਾਂ ਵਿੱਚ ਸਕੂਲਾਂ ਨੂੰ ਪਰਿਵਾਰਾ ਨਾਲ ਸਾਂਝਾ ਕਰਨ ਲਈ ਇੱਕ ਮਹੱਤਵਪੂਰਣ ਪੈਕੇਜ ਪ੍ਰਾਪਤ ਹੋਵੇਗਾ ਜਿਸ ਵਿੱਚ ਇਹ ਮਹੱਤਵਪੂਰਣ ਜਾਣਕਾਰੀ ਹੋਵੇਗੀ ਕਿ ਬੱਚੇ ਦੀ ਟੀਕੇ ਦੀ ਅਪੁਆਇੰਟਮੈਂਟ ਦੌਰਾਨ ਕੀ ਤਿਆਰੀ ਕਰਨੀ ਹੈ ਅਤੇ ਕੀ ਉਮੀਦ ਕਰਨੀ ਹੈ।

ਵਧੇਰੇ ਜਾਣਕਾਰੀ www.gov.bc.ca/getvaccinated ਅਤੇ www.fraserhealth.ca/vaccine ‘ਤੇ ਜਾਓ।